ਹੁਕਮੁ

ਭਾਗ-1

'ਹੁਕਮ' ਦੇ ਪਿੱਛੇ ਕੋਈ 'ਹੁਕਮੀ', ਅਥਵਾ 'ਹੁਕਮ' ਦੇਣ ਵਾਲੀ ਸ਼ਕਤੀ ਹੁੰਦੀ ਹੈ। ਇਸ ਲਈ 'ਹੁਕਮ' ਨੂੰ ਸਮਝਣ, ਬੁਝਣ ਲਈ – 'ਹੁਕਮੀ' ਦੀ ਜਾਣ-ਪਛਾਣ ਯਾ ਗਿਆਨ ਹੋਣਾ ਲਾਜ਼ਮੀ ਹੈ।

ਗੁਰਬਾਣੀ ਵਿਚ ਇਸ ਇਲਾਹੀ ਸ਼ਕਤੀ 'ਹੁਕਮੀ', ਅਥਵਾ 'ਅਕਾਲ ਪੁਰਖ' ਦਾ ਬਿਆਨ ਇਉਂ ਕੀਤਾ ਗਿਆ ਹੈ—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਜਪੁਜੀ ਸਾਹਿਬ)

ਪੂਛਉ ਸੰਤ ਮੇਰੋ ਠਾਕੁਰੁ ਕੈਸਾ॥
ਹੀਉ ਅਰਾਪਉਂ ਦੇਹੁ ਸਦੇਸਾ॥
ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ॥
ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ॥
ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ॥
ਦੇਖਿ ਚਰਿਤ ਨਾਨਕ ਮਨੁ ਮੋਹਿਓ ਪੂਛੈ ਦੀਨੁ ਮੇਰੋ ਠਾਕੁਰੁ ਕੈਸਾ॥ (ਪੰ.-1237)

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ॥
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥ ਰਹਾਉ॥
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ॥ (ਪੰਨਾ-617)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂ ਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥
ਸਭ ਮਹਿ ਸਚਾ ਏਕੋ ਸੋਈ ਤਿਸਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ (ਪੰਨਾ-1349-50)

ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਤੋਂ ਸਪਸ਼ਟ ਹੈ ਕਿ—ਉਹ 'ਹੁਕਮੀ' ਅਕਾਲ ਪੁਰਖ—'ਆਪ' ਹੈ, ਜੋ 'ਇਕ' ਹੈ, 'ਸਚ' ਹੈ, ਅਤੇ ਸਰਬ ਸ਼ਕਤੀਮਾਨ, 'ਸਭਨਾ ਗਲਾਂ ਸਮਰਥ' ਹੈ।

ਉਸ ਨੇ ਜਦ ਆਪਣੀ ਮੌਜ—'ਕਵਾਓ' ਦੁਵਾਰਾ—ਇਹ 'ਵਡ-ਖੇਲ-ਤਮਾਸ਼ਾ ਰਚਿਆ' ਤੇ ਇਸ 'ਖੇਲ' ਅਖਾੜੇ ਨੂੰ ਭਲੀ-ਭਾਂਤ ਚਲਾਉਣ ਲਈ 'ਅਟੱਲ' ਅਤੇ 'ਅਭੁੱਲ' ਨਿਯਮਾਂ ਦੀ ਪ੍ਰਣਾਲੀ—ਅਥਵਾ ਸਦੀਵੀ ਇਲਾਹੀ ਕਾਨੂੰਨ ਅਥਵਾ 'ਹੁਕਮ' ਭੀ, ਨਾਲ ਹੀ ਪ੍ਰਚਲਤ ਕਰ ਦਿੱਤਾ।

ਇਹਨਾਂ ਇਲਾਹੀ, ਅਟੱਲ, ਅਭੁੱਲ ਅਪਾਰ 'ਨਿਯਮਾਂ' ਯਾ ਅਣਲਿਖੇ ਕਾਨੂੰਨਾਂ ਨੂੰ ਹੀ ਗੁਰਬਾਣੀ ਵਿਚ 'ਹੁਕਮੁ', 'ਰਜ਼ਾ', 'ਭਾਣਾ', 'ਅਮਰ' ਕਿਹਾ ਗਿਆ ਹੈ।

ਇਨਸਾਨੀ ਘੜੇ ਹੋਏ ਕਾਨੂੰਨ ਤਾਂ ਸਦਾ ਬਦਲਦੇ ਰਹਿੰਦੇ ਹਨ, ਕਿਉਂਕਿ ਇਹਨਾਂ ਵਿਚ ਕੋਈ-ਨਾ-ਕੋਈ ਗਲਤੀ ਯਾ ਊਣਤਾਈ ਨਿਕਲਦੀ ਰਹਿੰਦੀ ਹੈ ਅਤੇ ਇਹਨਾਂ ਦੀਆਂ ਤਰਮੀਮਾਂ (Amendments) ਕਰਨੀਆਂ ਪੈਂਦੀਆਂ ਹਨ—ਪਰ ਪਰਮੇਸ਼ਰ ਦਾ ਸਚਾ 'ਹੁਕਮ'-'ਏਕਾ ਵਾਰ' ਹੀ ਰਚਿਆ ਗਿਆ ਹੈ, ਅਤੇ ਇਹ ਇਲਾਹੀ 'ਹੁਕਮ' ਇਤਨਾ ਮੁਕੰਮਲ ਅਤੇ ਅਭੁੱਲ ਹੈ ਕਿ ਇਸ ਨੂੰ ਬਦਲਣ ਜਾਂ ਇਸ ਦੀ ਤਰਮੀਮ ਕਰਨ ਦੀ ਲੋੜ ਹੀ ਨਹੀਂ।

ਇਹ ਇਲਾਹੀ 'ਹੁਕਮ' ਸਾਰੀ ਕਾਇਨਾਤ ਦੇ ਜ਼ੱਰੇ-ਜ਼ੱਰੇ ਅੰਦਰ 'ਨਾਲ ਲਿਖਿਆ' ਹੋਇਆ ਹੈ ਤੇ ਗੁੱਝੇ ਅਣਡਿੱਠੇ ਤਰੀਕੇ ਨਾਲ ਆਦਿ ਤੋਂ ਜੁਗੋ ਜੁਗ ਇਕ ਸਾਰ ਗੁਪਤੋ-ਗੁਪਤੀ ਵਰਤ ਰਿਹਾ ਹੈ ਤੇ ਵਰਤਦਾ ਰਹੇਗਾ।

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਪੰਨਾ-1)

ਇਹ ਇਲਾਹੀ 'ਹੁਕਮ', ਕਿਸੇ ਬੋਲੀ ਜਾਂ ਕਾਨੂੰਨੀ ਕਿਤਾਬਾਂ ਵਿਚ ਨਹੀਂ ਲਿਖਿਆ

ਹੋਇਆ, ਕਿਉਂਕਿ ਇਹ ਕਿਤਾਬਾਂ ਜਾਂ ਬੋਲੀਆਂ ਤਾਂ ਨਾਸ਼ਵਾਨ ਹਨ।

ਇਹ 'ਹੁਕਮ' –

ਅੱਖਰ ਹੀਣ ਹੈ,
ਬੋਲੀ ਹੀਣ ਹੈ,
ਦੇਸ਼ ਹੀਣ ਹੈ,
ਅਪਾਰ ਹੈ,
ਅਟੱਲ ਹੈ,
ਅਭੁੱਲ ਹੈ,
ਸਦੀਵੀ ਹੈ,
ਗੁਪਤ ਹੈ,
ਨਾਲ ਲਿਖਿਆ ਹੋਇਆ ਹੈ,
ਦਿਮਾਗ਼ੀ ਪਕੜ ਤੋਂ ਪਰ੍ਹੇ ਹੈ,
ਅਲੱਖ ਹੈ।

ਉਦਾਹਰਣ ਦੇ ਤੌਰ ਤੇ, ਬਨਾਸਪਤੀ ਦੇ ਬੀਜਾਂ ਦੇ ਅੰਦਰ ਹੀ ਪ੍ਰਵੇਸ਼ 'ਹੁਕਮ' ਅਨੁਸਾਰ, ਹਰ ਇਕ ਬੀਜ ਤੋਂ ਭਿੰਨ ਭਿੰਨ ਬੂਟੇ ਉੱਗਦੇ, ਵਧਦੇ, ਫੁਲਦੇ ਤੇ ਫਲਦੇ ਹਨ ਪਰ ਇਨ੍ਹਾਂ ਦੀਆਂ ਟਾਹਣੀਆਂ, ਪੱਤਿਆਂ, ਫਲਾਂ, ਕੱਦ, ਤੇ ਉਮਰ ਵਿਚ ਭਿੰਨਤਾ ਹੁੰਦੀ ਹੈ।

ਬਨਾਸਪਤੀ ਅਤੇ ਹੋਰ ਜੂਨਾਂ ਦੇ ਜੀਵਾਂ ਵਿਚ ਬੁੱਧੀ ਤੇ ਸੋਚਣ ਸ਼ਕਤੀ ਸੀਮਤ ਹੁੰਦੀ ਹੈ, ਜਿਸ ਕਾਰਨ ਉਹ ਆਪਣੀਆਂ ਸਿਆਣਪਾਂ ਜਾਂ ਉਕਤੀਆਂ-ਜੁਗਤੀਆਂ ਨਹੀਂ ਵਰਤ ਸਕਦੇ ਅਤੇ 'ਨਾਲ ਲਿਖੇ ਹੁਕਮ' ਵਿਚ ਦਖਲ ਨਹੀਂ ਦੇ ਸਕਦੇ। ਇਸ ਲਈ ਉਹ ਆਪਣੇ 'ਨਾਲ ਲਿਖੇ' ਇਲਾਹੀ 'ਹੁਕਮ' ਨੂੰ ਸਹਿਜੇ ਅਤੇ ਅਣਜਾਣੇ ਹੀ ਮੰਨਦੇ ਅਤੇ ਕਮਾਉਂਦੇ ਹਨ, ਅਤੇ ਆਪੋ ਆਪਣੇ 'ਨਾਲ ਲਿਖੇ' ਹੁਕਮ ਦੀ ਰਜ਼ਾ ਵਿਚ ਅਭੋਲ ਹੀ ਵਿਚਰਦੇ ਹਨ ਅਤੇ ਆਪਣੇ ਕੇਂਦਰ, 'ਪਰਮੇਸ਼ਰ' ਵਲ ਸਰਕਦੇ ਹੋਏ ਆਪਣਾ ਜੀਵਨ ਪੰਧ ਮੁਕਾ ਰਹੇ ਹਨ ਤੇ ਉਨ੍ਹਾਂ ਦੀ ਆਤਮਿਕ ਤਰੱਕੀ ਸਹਿਜੇ ਹੀ ਹੋ ਰਹੀ ਹੈ।

ਇਹੋ ਹੀ ਉਨ੍ਹਾਂ ਦਾ ਅੰਤਰ-ਮੁੱਖੀ ਨਾਲ ਲਿਖਿਆ ਹੋਇਆ 'ਨਿਜੀ ਧਰਮ' ਹੈ। ਉਨ੍ਹਾਂ ਦੇ ਕਲਿਆਣ ਲਈ ਕਿਸੇ ਬਾਹਰਲੇ ਧਰਮ ਜਾਂ ਮਜ਼ਹਬ ਦੀ ਲੋੜ ਨਹੀਂ ਤੇ ਨਾ ਹੀ ਕਿਸੇ 'ਪ੍ਰਚਾਰ' ਦੀ। ਇਹ ਜੂਨਾਂ 'ਹੁਕਮ ਰਜਾਈ ਚਲਣਾ' ਦਾ ਇਲਾਹੀ ਗੁਪਤ, ਅਭੁੱਲ, ਆਪੋ-ਆਪਣਾ ਨਿੱਜੀ ਧਰਮ ਅਣਜਾਣੇ ਤੇ ਅਭੋਲ ਹੀ ਕਮਾ ਰਹੀਆਂ ਹਨ।

ਇਹ ਜੂਨਾਂ ਨਾ ਹਿੰਦੂ, ਨਾ ਮੁਸਲਮਾਨ, ਨਾ ਈਸਾਈ, ਨਾ ਮੁਸਾਈ ਹਨ। ਇਹ ਸਿਰਫ਼

ਆਪਣੇ ਕਰਤੇ ਦੇ ਬਖਸ਼ੇ ਹੋਏ 'ਚਿੰਨ੍ਹਾਂ' ਵਿਚ ਆਪੋ-ਆਪਣਾ 'ਨਿਜੀ ਧਰਮ' ਕਮਾ ਰਹੀਆਂ ਹਨ।

ਪਰ ਇਨਸਾਨ ਦੀ ਕਹਾਣੀ ਕੁਝ ਹੋਰਵੇਂ ਹੈ –

ਪਰਮੇਸ਼ਰ ਨੇ ਇਨਸਾਨ ਨੂੰ ਆਪਣੇ ਸਰੂਪ ਵਿਚ ਘੜਿਆ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ-441)

ਪਰਮੇਸ਼ਰ ਨੇ ਇਨਸਾਨ ਨੂੰ ਬੇਅੰਤ ਤੀਖਣ ਬੁੱਧੀ ਤੇ 'ਸਵੈ-ਸੋਚਣ' ਸ਼ਕਤੀ ਬਖ਼ਸ਼ੀ ਹੈ। ਅਤੇ ਇਸ ਦੇ ਵਰਤਾਵੇ ਤੇ ਪ੍ਰਚਾਵੇ ਲਈ ਭਿੰਨ ਭਿੰਨ ਰੰਗਾਂ ਵਾਲੀ ਚਿਤ੍ਰ-ਬਚਿਤ੍ਰ ਮਨਮੋਹਣੀ 'ਮਾਇਆ' ਰਚੀ ਹੈ। ਪਰ ਇਨਸਾਨ ਆਪਣੇ 'ਮੂਲ' ਅਕਾਲ ਪੁਰਖ ਅਤੇ ਉਸ ਦੇ 'ਨਾਲ ਲਿਖੇ ਹੁਕਮ' ਨੂੰ ਪਹਿਚਾਨਣ ਦੀ ਬਜਾਇ, ਆਪਣੀ ਤੀਖਣ ਬੁੱਧੀ ਦੁਆਰਾ ਮਾਇਆ ਦੀ 'ਖੋਜ' ਵਿਚ ਅਤੇ ਉਸ ਦੇ ਕ੍ਰਿਸ਼ਮਿਆਂ ਨੂੰ ਮਾਨਣ ਵਿਚ, ਇੰਨਾ ਫਸ ਗਿਆ ਹੈ ਕਿ ਆਪਣੇ ਕਰਤੇ 'ਪਰਮੇਸ਼ਰ', ਅਤੇ ਉਸ ਦੇ 'ਹੁਕਮ' ਨੂੰ ਉੱਕਾ ਹੀ ਭੁੱਲ ਗਿਆ ਹੈ।

ਹੁਕਮ ਰਜਾਈ ਚਲਣਾ ਦੀ ਬਜਾਏ, ਜੀਵ ਆਪਣੀ ਤੀਖਣ ਬੁੱਧੀ ਅਤੇ 'ਮਾਨਸਿਕ ਆਜ਼ਾਦੀ' ਦੀ ਗਲਤ ਤੇ ਉਲਟੀ ਵਰਤੋਂ ਕਰ ਰਿਹਾ ਹੈ। ਜਿਸ ਕਾਰਣ ਇਹ ਜੀਵ ਤ੍ਰੈਗੁਣਾਂ ਦੇ ਕਾਨੂੰਨ 'ਜੋ ਮੈ ਕੀਆ, ਸੋ ਮੈ ਪਾਇਆ' (Law of Karma) ਅਨੁਸਾਰ, ਆਪਣਾ ਕੀਤਾ ਆਪ ਭੋਗਦਾ ਹੈ, ਅਤੇ ਆਪਣੇ ਸਹੇੜੇ ਹੋਏ ਦੁਖਾਂ ਕਲੇਸ਼ਾਂ ਦਾ 'ਦੋਸ਼', 'ਰੱਬ' ਜਾਂ 'ਦੂਜਿਆਂ' ਤੇ ਲਾਉਂਦਾ ਹੈ, ਅਤੇ ਆਪਣੇ ਆਪ ਨੂੰ ਧੋਖਾ ਦਿੰਦਾ ਹੈ ਤੇ ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ। ਇਸ ਤਰ੍ਹਾਂ ਇਨਸਾਨ ਆਪਣੇ ਪਰਮੇਸ਼ਰ ਨੂੰ ਭੁੱਲ ਗਏ ਹਨ ਅਤੇ ਸੁਖਦਾਈ 'ਨਾਲ ਲਿਖੇ' ਹੁਕਮ ਤੋਂ ਬੇ-ਖ਼ਬਰ, ਬੇ-ਪ੍ਰਵਾਹ, ਅਣਜਾਣ ਅਤੇ ਬੇਮੁਖ ਹੋ ਗਏ ਹਨ ਅਤੇ ਆਪਣੀ ਹਉਮੈ ਦੇ ਅਧੀਨ ਕਰਮ ਕਰਦੇ ਹੋਏ 'ਵਿਛੜ ਚੋਟਾਂ ਖਾਂਦੇ' ਹਨਃ ਅਤੇ

'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ'॥ (ਪੰਨਾ-133)

ਵਾਲਾ ਜੀਵਨ ਬਤੀਤ ਕਰਦੇ ਹਨ।

ਇਨਸਾਨ ਇਲਾਹੀ ਹੁਕਮ ਦੀ 'ਰਜ਼ਾ' ਜਾਂ 'ਰਵਾਨਗੀ' ਤੋਂ 'ਬੇ-ਸੁਰਾ' ਹੋ ਕੇ ਆਪਣੀ ਹਉਮੈ ਦੇ ਆਸਰੇ ਆਪਣੀ ਸਿਆਣਪ ਦੇ ਅਧੀਨ ਆਪਣੇ ਹੀ ਭਾਣੇ ਵਿਚ ਚਲਦਾ ਹੈ। ਇਸ ਤਰ੍ਹਾਂ ਗੁਰਬਾਣੀ ਦੀ ਹੇਠਲੀ ਪੰਗਤੀ–

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (ਪੰਨਾ-602)

ਸਾਡੇ ਤੇ ਲਾਗੂ ਹੁੰਦੀ ਹੈ।

ਇਨਸਾਨ ਸਾਰੀਆਂ ਜੂਨਾਂ ਦਾ ਸਿਰਤਾਜ ਮੰਨਿਆ ਗਿਆ ਹੈ ਕਿਉਂਕਿ ਏਸੇ ਜੂਨ ਵਿਚ ਹੀ ਜੀਵ ਆਪਣੇ 'ਕਰਤੇ' ਅਕਾਲ ਪੁਰਖ ਨੂੰ ਸ਼ੀਘਰ ਤੇ ਸਹਿਜੇ ਹੀ ਮਿਲ ਸਕਦਾ ਹੈ ਅਤੇ 'ਜਨਮ ਮਰਨ' ਦੇ ਦੁਖਦਾਈ ਗੇੜ ਤੋਂ ਬਚ ਸਕਦਾ ਹੈ।

ਗੁਰਬਾਣੀ ਵਿਚ ਇਸ ਵਿਸ਼ੇ ਨੂੰ ਇਉਂ ਦਰਸਾਇਆ ਗਿਆ ਹੈ—

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ (ਪੰਨਾ-1366)

ਫਫਾ ਫਿਰਤ ਫਿਰਤ ਤੂ ਆਇਆ॥
ਦ੍ਰੂਲਭ ਦੇਹ ਕਲਿਜੁਗ ਮਹਿ ਪਾਇਆ॥
ਫਿਰਿ ਇਆ ਅਉਸਰੁ ਚਰੈ ਨ ਹਾਥਾ॥
ਨਾਮੁ ਜਪਹੁ ਤਉ ਕਟੀਅਹਿ ਫਾਸਾ॥
ਫਿਰਿ ਫਿਰਿ ਆਵਨ ਜਾਨੁ ਨ ਹੋਈ॥
ਏਕਹਿ ਏਕ ਜਪਹੁ ਜਪੁ ਸੋਈ॥ (ਪੰਨਾ-258)

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨਾ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥ (ਪੰਨਾ-12)

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ ।
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣੁ ਬਚਨ ਸਨੇਹੀ ।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ ।
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ । (ਵਾ. ਭਾ. ਗੁ.1/3)

ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ ।
ਸਾਧ ਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।
ਪਰਉਪਕਾਰੀ ਗੁਰੂ ਪਿਆਰੈ । (ਭ. ਗੁ. ਜੀ 4/1)

ਗੁਰ ਸੇਵਾ ਤੇ ਭਗਤਿ ਕਮਾਈ ॥

ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥
ਸੋ ਦੇਹੀ ਭਜੁ ਹਰਿ ਕੀ ਸੇਵ ॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥ (ਪੰਨਾ-1159)

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥ (ਪੰਨਾ-50)

ਜਦ ਬੱਚਾ ਮਾਂ ਦੀ ਕੁੱਖ ਵਿਚ 'ਨਿੰਮਦਾ' ਹੈ ਤਾਂ ਇਲਾਹੀ 'ਨਾਲ ਲਿਖੇ ਹੁਕਮ' ਅਨੁਸਾਰ ਉਸ ਬੱਚੇ ਦੀ ਪੇਟ ਵਿਚ ਨੌਂ ਮਹੀਨੇ ਅਨੋਖੇ ਤੇ ਅਚੰਭੇ ਢੰਗ ਨਾਲ ਪਾਲਣਾ ਹੁੰਦੀ ਹੈ। ਬੱਚੇ ਦੀ ਇਸ ਗੁੱਝੀ ਕਰਾਮਾਤੀ ਪਰਵਰਿਸ਼ ਦੀ ਬਾਬਤ ਮਾਂ ਨੂੰ ਕੋਈ ਗਿਆਨ ਨਹੀਂ ਹੁੰਦਾ, ਅਤੇ ਨਾ ਹੀ ਉਸ ਦੀ ਕੋਈ ਸਿਆਣਪ ਕੰਮ ਕਰਦੀ ਹੈ, ਅਤੇ ਬੱਚੇ ਨੂੰ ਭੀ ਆਪਣੀ ਪਰਵਰਿਸ਼ ਦਾ ਕੋਈ ਅਹਿਸਾਸ ਨਹੀਂ ਹੁੰਦਾ।

ਬੱਚੇ ਦਾ ਪੇਟ ਵਿਚ 'ਕੁਹਥੜੇ ਥਾਉਂ' ਪੁੱਠੇ ਲਟਕਦੇ ਹੋਏ, ਪੇਟ ਦੀ ਤੀਬਰ ਜਠਰ-ਅਗਨੀ ਵਿਚ, ਨਿੰਮਣਾ, ਵੱਧਣਾ, ਫੁਲਣਾ, ਬਚਾਉ ਅਤੇ ਪ੍ਰਵਰਿਸ਼ ਹੋਣੀ ਹੀ ਅਤਿਅੰਤ ਹੈਰਾਨ ਕਰਨ ਵਾਲਾ ਬਿਸਮਾਦੀ, ਇਲਾਹੀ 'ਕੌਤਕ' ਹੈ, ਜਿਸ ਵਿਚ ਨਾ 'ਮਾਂ' ਦੀ ਤੇ ਨਾ ਬੱਚੇ ਦੀ ਕੋਈ ਸਿਆਣਪ ਕੰਮ ਕਰਦੀ ਹੈ। ਇਹ ਸਾਰੀ ਕਰਾਮਾਤੀ 'ਖੇਲ', 'ਵੀਰਜ' ਦੇ ਇਕ ਕਿਰਮ (sperm) ਦੇ ਅੰਤ੍ਰ-ਗਤ 'ਨਾਲ ਹੀ' ਲਿਖਿਆ ਸੀ, ਜੋ—

ਚੁਪ-ਚੁਪੀਤੇ
ਗੁਪਤੋ-ਗੁਪਤੀ
ਅਭੋਲ ਹੀ
ਸਹਿਜ-ਸੁਭਾਇ

ਕਿਸੇ 'ਗੈਬੀ' ਸ਼ਕਤੀ ਅਥਵਾ 'ਹੁਕਮ' ਦੀ ਗੁੱਝੀ 'ਰਵਾਨਗੀ' ਦਾ ਹੈਰਾਨ ਕਰਨ ਵਾਲਾ 'ਅਚੰਭਾ' ਹੈ, ਜਿਸ ਵਲ—

ਧਿਆਨ ਦੇਣ ਦਾ
ਖ਼ਿਆਲ ਕਰਨ ਦਾ
ਹੈਰਾਨ ਹੋਣ ਲਈ
ਸ਼ੁਕਰਾਨਾ ਕਰਨ ਲਈ
ਬਿਸਮਾਦ ਵਿਚ ਆਉਣ ਲਈ

ਸਾਡੇ ਕੋਲ ਫੁਰਸਤ ਹੀ ਨਹੀਂ ਅਤੇ ਨਾ ਲੋੜ ਜਾਪਦੀ ਹੈ।

ਜਦ ਬੱਚੇ ਦਾ ਜਨਮ ਹੁੰਦਾ ਹੈ ਤਾਂ 'ਮਾਂ' ਆਪਣੇ ਬੱਚੇ ਦੇ ਪਾਲਣ-ਪੋਸ਼ਣ, ਖੁਸ਼ਹਾਲੀ, ਵਿਦਿਆ ਆਦਿ ਦੀਆਂ ਸਕੀਮਾਂ (schemes) ਸੋਚਦੀ ਹੈ, ਅਤੇ ਸ਼ੁਭ-ਕਾਮਨਾਵਾਂ ਤੇ ਅਸੀਸਾਂ ਭਰਿਆ ਪਿਆਰ ਦਿੰਦੀ ਰਹਿੰਦੀ ਹੈ, ਅਤੇ ਆਪਣੇ ਬੱਚੇ ਉਤੋਂ ਵਾਰਨੇ, ਬਲਿਹਾਰਨੇ ਜਾਂਦੀ ਹੋਈ ਹਰ ਕਿਸਮ ਦੀ ਕੁਰਬਾਨੀ ਕਰਦੀ ਰਹਿੰਦੀ ਹੈ।

ਏਸ ਤਰ੍ਹਾਂ ਬੱਚੇ ਦੇ ਪੇਟ ਵਿਚ 'ਨਿੰਮਣ' ਤੋਂ ਲੈ ਕੇ ਉਸ ਦੇ ਜਨਮ ਤੋਂ ਮਗਰੋਂ ਭੀ, 'ਮਾਂ' ਦੇ ਹਿਰਦੇ ਵਿਚ ਜੋ ਬੱਚੇ ਲਈ 'ਮਾਂ-ਪਿਆਰ' ਜਾਂ 'ਮੋਹ' ਹੁੰਦਾ ਹੈ ਉਹ ਭੀ ਅਕਾਲ ਪੁਰਖ ਦਾ ਉਸ ਨਵੇਂ ਜਨਮੇ ਜੀਵ ਲਈ 'ਹੁਕਮ' ਰੂਪ ਵਿਚ ਇਲਾਹੀ ਪਿਆਰ ਦਾ ਹੀ ਪ੍ਰਤੀਬਿੰਬ, ਪ੍ਰਕਾਸ਼, ਪ੍ਰਗਟਾਵਾ ਅਤੇ ਪ੍ਰਤੀਕ ਹੁੰਦਾ ਹੈ, ਪਰ ਮਾਂ ਇਸ 'ਨਾਲ ਲਿਖੇ ਹੁਕਮ' ਵਾਲੇ 'ਇਲਾਹੀ ਪਿਆਰ' ਤੋਂ ਅਗਿਆਤ ਹੁੰਦੀ ਹੈ ਅਤੇ ਬੱਚੇ ਨੂੰ 'ਆਪਣਾ' ਸਮਝ ਕੇ 'ਮੋਹ' ਵਿਚ ਫਸੀ ਰਹਿੰਦੀ ਹੈ।

ਦੂਜੇ ਲਫ਼ਜਾਂ ਵਿਚ ਇਹ 'ਨਾਲ ਲਿਖੇ ਹੁਕਮ' ਅਨੁਸਾਰ ਹਰ ਜੀਵ ਦੀ ਭਲਾਈ ਅਤੇ ਪਰਵਰਿਸ਼ ਲਈ ਅਗੇਤਰੇ ਹੀ ਸਾਰੇ ਪ੍ਰਬੰਧ ਹੋ ਜਾਂਦੇ ਹਨ।

ਸਾਡੇ ਸਰੀਰ ਦੇ ਅੰਦਰ ਅਨੇਕਾਂ 'ਅੰਗ' (organs) ਹਨ। ਜਿਸ ਤਰ੍ਹਾਂ ਅੱਖਾਂ, ਕੰਨ, ਨੱਕ, ਜੀਭ, ਨਾੜੀਆਂ, ਨਸਾਂ ਆਦਿ ਸਾਰੇ ਹਿੱਸੇ ਇੱਕ ਦੂਜੇ ਨਾਲ ਸੰਬੰਧਤ ਆਸਰੇ ਅਤੇ ਮਿਲਵਰਤਨ ਨਾਲ, ਦਿਨ ਰਾਤ, ਜਾਗਦਿਆਂ, ਸੁੱਤਿਆਂ, ਅਣਜਾਣੇ, ਅਭੋਲ, ਆਪ ਮੁਹਾਰੇ, ਸਹਿਜ-ਸੁਭਾਇ, ਕਿਸੇ ਗੁੱਝੇ, ਅਲੱਖ ਮੁਕੰਮਲ, ਅਪਾਰ, ਅਬੋਲ, ਅਲਿਖ, ਇਲਾਹੀ 'ਹੁਕਮ' ਦੀ 'ਰਵਾਨਗੀ' ਵਿਚ 'ਅਛੋਪ' ਹੀ ਕੰਮ ਕਰ ਰਹੇ ਹਨ, ਜਿਸ ਤੋਂ ਅਸੀਂ ਅਗਿਆਨ, ਬੇ-ਖ਼ਬਰ ਅਤੇ ਬੇ-ਪ੍ਰਵਾਹ ਹਾਂ।

ਇਕ ਹੋਰ ਉਦਾਹਰਣ ਵਜੋਂ, ਗੁਲਾਬ ਦੇ ਫੁੱਲ ਦੇ 'ਬੀਜ' ਦੇ ਅੰਦਰ ਹੀ ਉਸ ਦੀ 'ਹੋਂਦ' ਦੇ ਪ੍ਰਗਟਾਵੇ ਲਈ—

ਜੀਵਨ-ਰੌਂ

ਬੂਟਾ

ਬੂ ਟੇ ਦੀ ਕਿਸਮ

ਟਾਹਣੀਆਂ

ਪੱਤੇ

ਕੰਡੇ

ਫੁੱਲ

ਪੰਖੜੀਆਂ
ਫਲ
ਬੀਜ
ਫੁੱਲ ਦੀ ਸ਼ਕਲ
ਫੁੱਲ ਦੀ ਰੰਗਤ
ਫੁੱਲ ਦੀ ਮਹਿਕ
ਫੁੱਲ ਦਾ ਜੋਬਨ
ਫੁੱਲ ਦਾ ਸੁਹੱਪਣ
ਫੁੱਲ ਦੀ ਕੋਮਲਤਾ
ਮਨ ਮੋਹਣੀ ਖਿੱਚ
ਪ੍ਫੁਲਤਾ
ਲੈ ਹੋਣ

ਲਈ ਮੁਕੰਮਲ ਇਲਾਹੀ 'ਹੁਕਮ' ਗੁੱਝੇ ਤੌਰ ਤੇ 'ਨਾਲ' ਹੀ ਲਿਖਿਆ ਜਾਂ ਸਮਾਇਆ ਹੋਇਆ ਹੈ ਅਤੇ ਗੁਪਤ ਤੌਰ ਤੇ ਚੁੱਪ ਚੁਪੀਤੇ ਹੀ ਵਰਤ ਰਿਹਾ ਹੈ।

ਇਸ 'ਹੁਕਮ' ਦੇ ਪ੍ਗਟਾਵੇ ਜਾਂ 'ਰਵਾਨਗੀ' ਲਈ ਬਾਹਰੋਂ ਕਿਸੇ ਦਿਮਾਗੀ ਸਿਆਣਪ ਦੇ 'ਦਖਲ' ਜਾਂ ਅਗਵਾਈ ਦੀ ਲੋੜ ਨਹੀਂ ।

ਦੂਜੇ ਲਫ਼ਜ਼ਾਂ ਵਿਚ ਕਾਇਨਾਤ ਦੇ ਹਰ ਇਕ 'ਜੀਵ' ਆਪਣੇ ਕਰਤੇ, ਅਕਾਲ ਪੁਰਖ ਦੇ ਅਟੱਲ, ਅਭੁੱਲ, ਸਰਬੱਗ, ਅਪਾਰ 'ਹੁਕਮ' ਦੀ ਅਗਵਾਈ ਅਤੇ 'ਰਵਾਨਗੀ' ਵਿਚ ਉਪਜਦੇ, ਪਰਫੁਲਤ ਹੁੰਦੇ ਤੇ 'ਲੈ' ਹੁੰਦੇ ਹਨ ਅਤੇ ਆਪਣੇ ਅੰਦਰ 'ਨਾਲ ਲਿਖੇ' ਹੁਕਮ ਨੂੰ, ਆਪਣੇ ਜੀਵਨ ਵਿਚ ਅਛੋਪ ਹੀ 'ਮੰਨਦੇ' ਤੇ ਕਮਾਉਂਦੇ ਹਨ।

ਇਹੋ ਹੀ ਉਨ੍ਹਾਂ ਦਾ 'ਨਾਲ ਲਿਖਿਆ' ਹੋਇਆ 'ਨਿਜੀ' ਧਰਮ, ਮਜ਼ਹਬ ਜਾਂ ਪ੍ਮਾਰਥ ਹੈ, ਜਿਸ ਨੂੰ ਸਮਝਣ, ਸਿਖਣ, ਅਪਣਾਉਣ ਦੀ ਲੋੜ ਨਹੀਂ ਅਤੇ ਨਾ ਇਹ 'ਧਰਮ' ਬਾਹਰੋਂ ਕਿਸੇ ਤਰ੍ਹਾਂ ਉਨ੍ਹਾਂ ਉਤੇ 'ਠੋਸਿਆ' ਜਾ ਸਕਦਾ ਹੈ।

ਇਸ ਤਰ੍ਹਾਂ ਇਹ 'ਨਾਲ ਲਿਖਿਆ ਹੁਕਮ' ਹਰ ਜੀਵ ਲਈ–

ਜੀਵਨ ਸੇਧ ਹੈ
ਨਿਜੀ ਧਰਮ ਹੈ
ਮੁਕੰਮਲ ਇਲਾਹੀ ਕਾਨੂੰਨ ਹੈ

ਪ੍ਲੋਕ ਸੁਹੇਲਾ ਹੈ
ਅੰਤ੍-ਆਤਮੇ 'ਬੀਜ' ਹੈ
ਅੰਦਰੋਂ ਹੀਂ ਉਪਜਦਾ ਹੈ
ਓਤ-ਪੋਤ ਸਮਾਇਆ ਹੈ
'ਰਵਿ ਰਹਿਆ ਭਰਪੂਰ' ਹੈ
ਬਾਹਰਲੇ ਧਰਮਾਂ ਤੋਂ ਆਜ਼ਾਦ ਹੈ
ਕਰਮ-ਕਾਂਡਾਂ ਤੋਂ ਬਰੀ ਹੈ
ਬੁੱਧੀ ਦੀ ਪਕੜ ਤੋਂ ਪਰ੍ਹੇ ਹੈ
ਬਖਸ਼ਿਸ਼ ਹੈ
ਗੁਰ ਪ੍ਰਸਾਦਿ ਹੈ
ਅਬੁੱਝ ਹੈ
ਅਸਮਝ ਹੈ
ਅਪਾਰ ਹੈ
ਅਭੁੱਲ ਹੈ
ਅਲਿੱਖ ਹੈ
ਅਦਿੱਖ ਹੈ
ਅਬੋਲ ਹੈ
ਸੰਪੂਰਨ ਹੈ
ਅਟੱਲ ਹੈ।

ਚੌਰਾਸੀ ਲੱਖ ਜੂਨਾਂ ਆਪਣੇ ਅੰਤਰ 'ਨਾਲ ਲਿਖੇ' ਇਲਾਹੀ 'ਹੁਕਮ' ਦੀ 'ਰਵਾਨਗੀ' ਦੇ ਵੇਗ ਵਿਚ ਰੁੜ੍ਹਦੇ ਹੋਏ, ਆਪਣੇ 'ਕਰਤੇ' ਦੇ ਸ਼ੁਕਰਾਨੇ ਵਿਚ, ਅਣਜਾਣੇ ਹੀ 'ਅਟੁੱਟ ਸਿਮਰਨ' ਕਰ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਸਿਮਰਨ 'ਜੀਵਨ-ਰੂਪ' ਹੋ ਜਾਂਦਾ ਹੈ।

ਸਿਮਰੈ ਧਰਤੀ ਅਰੁ ਆਕਾਸਾ॥
ਸਿਮਰਹਿ ਚੰਦ ਸੂਰਜ ਗੁਣ ਤਾਸਾ॥ (ਪੰਨਾ-1078)

ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ॥ (ਪੰ.-1079)

ਇਨ੍ਹਾਂ ਜੂਨਾਂ ਵਿਚ ਦੀ ਲੰਘਦਾ ਹੋਇਆ 'ਜੀਵ' ਜਦ ਸ਼੍ਰੋਮਣੀ ਇਨਸਾਨੀ ਜੂਨ ਵਿਚ ਆਉਂਦਾ ਹੈ ਤਾਂ ਅਕਾਲ ਪੁਰਖ ਇਨਸਾਨ ਨੂੰ ਵਿਸ਼ੇਸ਼ ਦਾਤਾਂ ਬਖ਼ਸ਼ਦਾ ਹੈ —

1. ਆਪਣਾ ਸਰੂਪ

2. ਤੀਖਣ ਬੁੱਧੀ

3. ਨਿਰਣੇ ਸ਼ਕਤੀ

4. ਵਿਕਸਿਤ ਹਉਮੈ

ਪਰ ਸਾਡਾ 'ਹਉਮੈ ਵੇੜਿਆ' ਮਨ ਪਰਮੇਸ਼ਰ ਦੀ ਬਖਸ਼ੀ ਹੋਈ ਤੀਖਣ 'ਬੁੱਧੀ' ਨਾਲ ਉਕਤੀਆਂ ਜੁਗਤੀਆਂ, ਸਿਆਣਪਾਂ ਘੋਟ ਘੋਟ ਕੇ, ਆਪਣੇ 'ਨਾਲ ਲਿਖੇ ਹੁਕਮ' ਦੀ 'ਰਵਾਨਗੀ' ਤੋਂ 'ਬੇ-ਸੁਰਾ' ਅਤੇ 'ਬੇ-ਮੁਖ' ਹੋ ਕੇ, ਆਪਣੇ ਹੀ 'ਭਾਣੇ' ਵਿਚ ਵਰਤਦਾ ਹੈ, ਅਤੇ ਇਲਾਹੀ 'ਪ੍ਰੀਤ-ਤਾਰ' ਤੋਂ 'ਟੁੱਟ' ਜਾਂਦਾ ਹੈ। ਇਸ ਤਰ੍ਹਾਂ 'ਭਰਮ-ਭੁਲਾਵੇ' ਦੇ 'ਹਨੇਰ' ਵਿਚ, ਸਾਡੀ 'ਨਿਰਨੇ ਸ਼ਕਤੀ' ਮੱਧਮ ਪੈ ਜਾਂਦੀ ਹੈ ਅਤੇ ਅਸੀਂ ਆਪਣੀ ਹਉਮੈ ਨੂੰ ਪੱਠੇ ਪਾ-ਪਾ ਕੇ ਪਾਲਦੇ ਹਾਂ।

ਜੇਕਰ ਬਿਜਲੀ ਦੀ ਤਾਰ ਵਿਚ ਕੋਈ ਨੁਕਸ ਪੈ ਜਾਵੇ ਤਾਂ 'ਬਲਬ' (bulb) ਬੁਝ ਜਾਂਦਾ ਹੈ ਤੇ ਸਾਨੂੰ ਹਨੇਰੇ ਵਿਚ ਠੋਕਰਾਂ ਖਾਣੀਆਂ ਪੈਂਦੀਆਂ ਹਨ। ਏਸੇ ਤਰ੍ਹਾਂ ਸਾਡੇ ਮਨ ਦੀ ਸੁਰਤ ਦੀ ਤਾਰ ਅੰਤ੍-ਆਤਮੇ ਪਰਮੇਸ਼ਰ ਦੇ 'ਹੁਕਮ' ਜਾਂ ਜੀਵਨ-ਰੌਂ ਤੋਂ ਟੁੱਟ ਜਾਵੇ ਤਾਂ ਸਾਡੇ ਮਨ ਉਤੇ 'ਅਗਿਆਨਤਾ' ਦਾ ਹਨੇਰਾ ਛਾ ਜਾਂਦਾ ਹੈ ਤੇ ਅਸੀਂ ਹਉਮੈ ਦੇ ਭਰਮ ਭੁਲਾਵਿਆਂ ਵਿਚ ਠੋਕਰਾਂ ਖਾਂਦੇ ਹਾਂ ਅਤੇ ਦੁਖ ਭੋਗਦੇ ਹਾਂ।

ਏਸੇ ਤਰ੍ਹਾਂ 'ਸੂਰਜ' ਦੀ 'ਧੁੱਪ' ਤੋਂ ਲਾਂਭੇ ਹੋ ਕੇ ਕਿਸੇ ਭੋਰੇ ਜਾਂ ਕੰਦਰਾਂ ਵਿਚ ਲੁਕ ਜਾਈਏ ਤਾਂ —'ਧੁੱਪ' ਦੀ ਨਿੱਘ ਤੋਂ ਵਾਂਝੇ ਹੋ ਕੇ ਹਨੇਰੇ ਵਿਚ ਦੁਖ ਭੋਗਦੇ ਹਾਂ।

84 ਲੱਖ ਜੂਨਾਂ ਤਾਂ ਇਸ ਇਲਾਹੀ 'ਨਾਲ ਲਿਖੇ ਹੁਕਮ' ਦੀ 'ਰਵਾਨਗੀ' ਨਾਲ ਸੁਰ ਹੋ ਕੇ ਆਪਣਾ ਜੀਵਨ ਬਤੀਤ ਕਰਦੀਆਂ ਹਨ ਤੇ ਇਲਾਹੀ ਬਖਸ਼ਿਸ਼ਾਂ ਤੇ ਦਾਤਾਂ ਦਾ ਲਾਹਾ ਲੈ ਰਹੀਆਂ ਹਨ।ਪਰ ਇਨਸਾਨੀ ਜੂਨ ਆਪਣੀ ਤੀਖਣ ਬੁੱਧੀ ਦੀ ਸਿਆਣਪ, ਸੰਸੇ ਅਤੇ ਏ ਹੜ-ਤੇਹੜ ਦੁਆਰਾ ਹਉਮੈ ਦੀ ਭਰਮ ਰੂਪੀ 'ਕਾਲ ਕੋਠੜੀ' ਵਿਚ ਆਪ ਹੀ ਕੈਦ ਹੋ ਜਾਂਦੀ ਹੈ ਅਤੇ ਇਲਾਹੀ 'ਹੁਕਮ' ਦੇ 'ਵੇਗ' ਜਾਂ 'ਜੀਵਨ ਰੌਂ' ਅਥਵਾ 'ਰੱਬੀ ਭਾਣੇ' ਤੋਂ ਬੇ-ਸੁਰੀ ਤੇ ਬੇ-ਮੁਖ ਹੋ ਜਾਂਦੀ ਹੈ।

ਇਸ ਤਰ੍ਹਾਂ ਇਨਸਾਨ ਹੁਕਮ ਦੀ ਰਵਾਨਗੀ ਦੇ ਵੇਗ ਵਿਚੋਂ ਨਿਕਲ ਕੇ ਮਾਇਆ ਦੀ 'ਖਿੱਚ' ਦੇ ਘੁੰਮਣ-ਘੇਰ ਵਿਚ ਫਸ ਕੇ ਆਪਣਾ ਅਮੋਲਿਕ ਜੀਵਨ ਅਜਾਈਂ ਗਵਾ ਰਿਹਾ ਹੈ।

ਇਸ ਦੀਰਘ ਅਤੇ ਜ਼ਰੂਰੀ ਵਿਸ਼ੇ ਦੀ ਵਿਚਾਰ ਕਰਨ ਤੋਂ ਪਹਿਲਾਂ ਗੁਰਬਾਣੀ ਦੀ ਰੋਸ਼ਨੀ ਵਿਚ ਗੁਰੂ ਆਸ਼ੇ ਦੀ ਅਗਵਾਈ ਤੇ ਸੇਧ ਲੈਣ ਦੀ ਲੋੜ ਹੈ।

ਗੁਰਬਾਣੀ ਵਿਚ 'ਨਾਲ ਲਿਖੇ ਇਲਾਹੀ ਹੁਕਮ' ਅਤੇ 'ਹੁਕਮ' ਦੀ 'ਰਵਾਨਗੀ' ਅਥਵਾ 'ਭਾਣੇ' ਨੂੰ ਸਮਝਣ ਲਈ ਹੇਠ ਲਿਖੇ ਉਪਦੇਸ਼ ਸਹਾਈ ਹੋ ਸਕਦੇ ਹਨ—

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਜਪੁਜੀ ਸਾਹਿਬ)

ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ॥
ਆਪਹੁ ਦੂਜੇ ਲਗਿ ਖਸਮੁ ਵਿਸਾਰਿਆ॥ (ਪੰਨਾ–86)

ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ॥ (ਪੰਨਾ–425)

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥......
ਜਿਨ੍ੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥ (ਪੰਨਾ–523)

ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ (ਪੰਨਾ–560)

ਏਕੋ ਹੁਕਮੁ ਵਰਤੈ ਸਭ ਲੋਈ॥
ਏਕਸੁ ਤੇ ਸਭ ਓਪਤਿ ਹੋਈ॥ (ਪੰਨਾ–223)

ਜੋ ਕਿਛੁ ਵਰਤੈ ਸਭ ਤੇਰਾ ਭਾਣਾ॥
ਹੁਕਮੁ ਬੂਝੈ ਸੋ ਸਚਿ ਸਮਾਣਾ॥ (ਪੰਨਾ–193)

ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥ (ਪੰਨਾ–396)

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ॥ (ਪੰਨਾ–722)

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥ (ਪੰਨਾ–918)

ਹੁਕਮੇ ਆਵੈ ਹੁਕਮੇ ਜਾਵੈ ਹੁਕਮੈ ਰਹੈ ਸਮਾਈ॥........
ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ॥ (ਪੰ.–940)

ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ॥ (ਪੰਨਾ–949)

ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥ (ਪੰਨਾ–950)

ਹੁਕਮਿ ਉਛਲੈ ਹੁਕਮੇ ਰਹੈ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ॥
ਹੁਕਮੇ ਨਾਮੁ ਜਪੈ ਦਿਨੁ ਰਾਤਿ॥ ਨਾਨਕ ਜਿਸ ਨੋ ਹੋਵੈ ਦਾਤਿ॥
ਹੁਕਮਿ ਮਰੈ ਹੁਕਮੇ ਹੀ ਜੀਵੈ॥ ਹੁਕਮੇ ਨਾਨ੍ਹਾ ਵਡਾ ਥੀਵੈ॥
ਹੁਕਮੇ ਸੋਗ ਹਰਖ ਆਨੰਦ॥ ਹੁਕਮੇ ਜਪੈ ਨਿਰੋਧਰ ਗੁਰਮੰਤ॥
ਹੁਕਮੇ ਆਵਣੁ ਜਾਣੁ ਰਹਾਏ॥ ਨਾਨਕ ਜਾਕਉ ਭਗਤੀ ਲਾਏ॥ (ਪੰਨਾ-962)

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥ (ਪੰਨਾ-991)

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ (ਪੰਨਾ-1000)

ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥
ਹੁਕਮੇ ਜੁਗ ਛਤੀਹ ਗੁਦਾਰੇ॥ ਹੁਕਮੇ ਸਿਧ ਸਾਧਿਕ ਵੀਚਾਰੇ॥ (ਪੰਨਾ-1037)

ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ॥ (ਪੰ.-1042)

ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ
ਜਿਸ ਦਾ ਹੁਕਮੁ ਨਾ ਮੇਟਿਆ ਜਾਈ ਹੇ॥ (ਪੰਨਾ-1047)

ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ॥ (ਪੰਨਾ-1054)

ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥
(ਪੰਨਾ-1055)

ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥ (ਪੰਨਾ-1280)

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥ (ਪੰਨਾ-1289)

ਉਪਰ ਲਿਖੀਆਂ ਵਿਚਾਰਾਂ ਅਤੇ ਗੁਰਬਾਣੀ ਦੀਆਂ ਪੰਗਤੀਆਂ ਵਿਚੋਂ ਹੇਠ ਲਿਖੇ ਨੁਕਤੇ ਪ੍ਰਗਟ ਹੁੰਦੇ ਹਨ :–

1. ਅਕਾਲ ਪੁਰਖ ਦੀ ਏਕਤਾ ਤੇ ਸਰਬੱਗਤਾ।
2. ਇਸ 'ਵਡ-ਖੇਲ ਤਮਾਸ਼ੇ' ਦੀ ਰਚਨਾ।
3. ਇਸ 'ਖੇਲ-ਅਖਾੜੇ' ਨੂੰ ਚਲਾਉਣ ਲਈ 'ਹੁਕਮ' ਦੀ 'ਰਵਾਨਗੀ'!
4. ਇਸ 'ਇਲਾਹੀ ਹੁਕਮ' ਦੀ ਰਵਾਨਗੀ ਦੇ ਵੇਗ ਵਿਚ ਰੁੜ੍ਹਨਾਂ ਜਾਂ ਭਾਣਾ ਮੰਨਣਾ।
5. ਭਾਣਾ ਨਾ ਮੰਨਣ ਜਾਂ 'ਹੁਕਮ' ਤੋਂ ਬੇਮੁਖ ਹੋਣ ਦਾ ਨਤੀਜਾ।
6. ਇਸ 'ਨਾਲ ਲਿਖੇ' 'ਹੁਕਮ' ਨੂੰ ਬੁਝਣਾ ਜਾਂ ਪਹਿਚਾਨਣਾ।

ਪਹਿਲੇ 5 ਨੁਕਤਿਆਂ ਦੀ ਬਾਬਤ ਭਲੀ-ਭਾਂਤ ਵਿਚਾਰ ਕੀਤੀ ਜਾ ਚੁੱਕੀ ਹੈ। ਹੁਣ ਇਲਾਹੀ 'ਹੁਕਮ' ਨੂੰ ਬੁਝਣ ਜਾਂ ਪਹਿਚਾਨਣ ਦੀ ਬਾਬਤ ਵੇਰਵੇ ਸਹਿਤ ਡੂੰਘੀ ਵਿਚਾਰ ਦੀ ਲੋੜ ਹੈ।

ਇਸ ਇਲਾਹੀ ਹੁਕਮ ਨੂੰ 84 ਲਖ ਜੂਨਾਂ ਨਹੀਂ ਜਾਣ ਸਕਦੀਆਂ ਕਿਉਂਕਿ ਉਨ੍ਹਾਂ ਦੀ ਬਹੁਤ ਥੋੜ੍ਹੀ ਜਾਂ ਸੀਮਤ ਬੁੱਧੀ ਹੁੰਦੀ ਹੈ, ਉਹ ਅਣਜਾਣੇ ਹੀ ਆਪਣੇ ਅੰਤ੍ਰ-ਆਤਮੇ 'ਨਾਲ ਲਿਖੇ ਹੁਕਮ' ਦੀ ਅੰਦਰਲੀ ਪ੍ਰੇਰਨਾ ਅਤੇ ਅਗਵਾਈ ਅਨੁਸਾਰ ਜੀਵਨ ਬਤੀਤ ਕਰਦੀਆਂ ਹੋਈਆਂ, ਇਲਾਹੀ ਹੁਕਮ ਨੂੰ ਮੰਨਦੀਆਂ ਅਤੇ ਕਮਾਉਂਦੀਆਂ ਹਨ।

ਇਸ ਸੂਖਮ, ਗੁੱਝੇ ਆਤਮਿਕ 'ਹੁਕਮ' ਦੇ ਅੰਤਰੀਵ ਭੇਦ ਨੂੰ ਸਿਰਫ਼ ਇਨਸਾਨ ਹੀ ਸਮਝ, ਜਾਂ ਜਾਣ ਸਕਦੇ ਹਨ, ਕਿਉਂਕਿ ਅਕਾਲ ਪੁਰਖ ਨੇ ਮਨੁਖ ਨੂੰ ਅਤਿਅੰਤ ਤੀਖਣ ਬੁੱਧੀ ਬਖ਼ਸ਼ੀ ਹੈ, ਪਰ ਇਸ 'ਇਲਾਹੀ ਹੁਕਮ' ਦਾ ਦਿਮਾਗੀ ਗਿਆਨ ਹੀ ਕਾਫ਼ੀ ਨਹੀਂ, ਕਿਉਂਕਿ ਇਹ ਦਿਮਾਗੀ ਗਿਆਨ ਅਧੂਰਾ, ਮਾਇਕੀ ਰੰਗ ਵਾਲਾ, ਗਲਤ ਜਾਂ ਉਲਟ ਹੋ ਸਕਦਾ ਹੈ, ਜਿਸ ਦੀ ਬੁਨਿਆਦ ਬੁੱਧੀ ਤੇ ਹੀ ਅਧਾਰਤ ਹੈ।

ਇਹ ਇਲਾਹੀ ਹੁਕਮ ਤਾਂ ਸਾਡੇ ਅੰਦਰ, ਆਤਮਾਂ ਦੀ 'ਹੋਂਦ' ਦੇ ਨਾਲ ਹੀ ਲਿਖਿਆ, ਰਚਿਆ, ਮਿਚਿਆ ਰਸਿਆ ਹੋਇਆ, ਓਤ-ਪੋਤ, ਰਵਿ ਰਿਹਾ ਭਰਪੂਰ ਹੈ। ਜੋ ਚੁਪ-ਚੁਪੀਤੇ ਆਪ-ਮੁਹਾਰੇ, ਗੁੱਝੇ ਤੌਰ ਤੇ, ਸਵੈ-ਪ੍ਰੇਰਨਾ ਨਾਲ ਕਾਇਨਾਤ ਦੇ ਜ਼ੱਰੇ -ਜ਼ੱਰੇ ਵਿਚ ਅਟ੍ਟ, ਸਦੀਵੀ ਪਰਵਿਰਤ ਹੋ ਰਿਹਾ ਹੈ।

ਸਾਡੇ ਮਨ ਦੀ ਬਿਰਤੀ, ਸੁਰਤੀ ਤਾਂ ਬਾਹਰ-ਮੁਖੀ ਮਾਇਕੀ ਮੰਡਲ ਵਿਚ ਹੀ ਪ੍ਰਵਿਰਤ ਤੇ ਖੱਚਤ ਹੋ ਰਹੀ ਹੈ। ਇਸ ਲਈ ਇਹ ਸੂਖਮ ਇਲਾਹੀ 'ਹੁਕਮ' ਸਾਡੀ ਬੁੱਧੀ ਦੀ 'ਪਕੜ' ਤੋਂ ਪਰ੍ਹੇ ਹੈ।

ਇਸ ਸੂਖਮ, 'ਨਾਲ ਲਿਖੇ ਹੋਏ' 'ਤਤ-ਸਾਰ ਹੁਕਮ' ਨੂੰ ਕੋਈ ਵਿਰਲਾ ਬਖਸ਼ਿਆ ਹੋਇਆ ਗੁਰਮੁਖ ਹੀ ਆਪਣੇ ਅੰਤ੍ਰ-ਆਤਮੇ, ਅਨੁਭਵ ਦੁਆਰਾ, ਬੁੱਝ, ਸੀਝ, ਪਹਿਚਾਨ ਸਕਦਾ ਹੈ ਅਤੇ 'ਭਾਣੇ' ਵਿਚ ਚਲ ਸਕਦਾ ਹੈ –

ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ॥ (ਪੰਨਾ-441)

ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥ (ਪੰਨਾ-396)

ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ॥
(ਪੰਨਾ-1419)

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥ (ਪੰਨਾ-144)

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥ (ਪੰਨਾ-1350)

ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ॥ (ਪੰਨਾ-1346)

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ॥ (ਪੰਨਾ-1419)

ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ॥ (ਪੰਨਾ-90)

ਸੂਰਜ ਦੇ ਆਲੇ-ਦੁਆਲੇ ਅਨੇਕਾਂ 'ਗ੍ਰਹਿ' ਜਾਂ ਸਤਾਰੇ ਘੁੰਮ ਰਹੇ ਹਨ, ਜਿਨ੍ਹਾਂ ਵਿੱਚੋਂ ਸਾਡੀ ਧਰਤੀ ਭੀ ਇਕ 'ਗ੍ਰਹਿ' ਹੈ। ਇਹ ਸਾਰੇ 'ਗ੍ਰਹਿ' ਸੂਰਜ ਦੀ ਅਕਿਰਖਨ ਸ਼ਕਤੀ (gravity) ਦੁਆਰਾ, ਅਭੁੱਲ ਤੇ ਅਟੱਲ 'ਇਲਾਹੀ ਹੁਕਮ' ਅੰਦਰ, ਸਮੇਂ ਦੇ ਅਤਿ ਸੂਖਮ ਨਿਯਮਾਂ ਅਨੁਸਾਰ, ਸੂਰਜ ਦੇ ਉਦਾਲੇ ਘੁੰਮਦੇ ਹਨ ਅਤੇ ਸੂਰਜ ਤੋਂ ਇਨ੍ਹਾਂ ਨੂੰ –

ਅਕਿਰਖਨ ਸ਼ਕਤੀ
ਗਰਮੀ
ਰੋਸ਼ਨੀ
ਜੀਵਨ ਰੌ
ਸ਼ਕਤੀ
ਅਤੇ ਹੋਰ ਅਨੇਕਾਂ ਗੁਣ,

ਬਹੁਲਤਾ ਵਿਚ ਅਟੁੱਟ ਅਤੇ ਸਦੀਵੀ ਪ੍ਰਦਾਨ ਹੁੰਦੇ ਹਨ।

ਇਹ ਸੂਰਜ ਦੀ 'ਮਿਕਨਾਤੀਸੀ ਖਿੱਚ' ਇਲਾਹੀ 'ਪਿਆਰ' ਦਾ ਹੀ ਪ੍ਰਤਿਬਿੰਬ ਅਤੇ ਪ੍ਰਤੀਕ ਹੈ। ਏਸੇ ਤਰ੍ਹਾਂ ਸੂਰਜ ਦਾ ਨਿੱਘ, ਪ੍ਰਕਾਸ਼ ਅਤੇ 'ਜੀਵਨ-ਰੌ' ਆਦਿ ਭੀ ਇਲਾਹੀ ਬਖਸ਼ਿਸ਼ ਦਾ ਹੀ ਪ੍ਰਗਟਾਵਾ ਅਤੇ ਪ੍ਰਤੀਕ ਹੈ।

'ਜੀਵ' ਵਿਚ ਪਰਮੇਸ਼ਰ ਦੀ 'ਅੰਸ਼' ਹੋਣ ਦੇ ਨਾਤੇ, ਅਤੇ ਕਾਇਨਾਤ ਦੇ ਜ਼ੱਰੇ-ਜ਼ੱਰੇ ਦੇ ਅੰਤ੍ਰ-ਆਤਮੇ, ਇਲਾਹੀ ਪ੍ਰੀਤ, ਪ੍ਰੇਮ, ਪਿਆਰ ਦੀ ਚਿਣੰਗ, ਕਿਰਨ, ਜਾਂ 'ਜੋਤ' ਮੌਜੂਦ ਹੈ। ਅਸਲ ਵਿਚ ਇਹ ਸਾਰੀ ਕਾਇਨਾਤ ਹੀ ਇਲਾਹੀ 'ਪ੍ਰੇਮ-ਪਿਆਰ' ਦਾ 'ਪ੍ਰਕਾਸ਼ ਰੂਪ' ਹੈ।

ਏਸੇ ਇਲਾਹੀ ਪਿਆਰ ਦੀ 'ਦੈਵੀ ਖਿੱਚ' (cosmic attraction) ਨਾਲ ਹੀ ਕਾਇਨਾਤ ਦਾ ਜ਼ੱਰਾ-ਜ਼ੱਰਾ ਇੱਕ ਦੂਜੇ ਵਲ, ਅਤੇ ਪਰਮੇਸ਼ਰ ਵਲ, ਕਿਸੇ ਸੂਖਮ, ਅਦ੍ਰਿਸ਼ਟ, ਅਭੁੱਲ 'ਹੁਕਮ ਦੀ ਤਾਰ' (Divine gravity) ਨਾਲ ਅਵੱਸ਼, ਸਹਿਜ ਸੁਭਾਏ, ਅਣਜਾਣੇ ਹੀ ਖਿੱਚੀਂਦਾ ਜਾ ਰਿਹਾ ਹੈ ਜਿਸ ਦੇ ਆਸਰੇ, ਸਾਰੀ ਕਾਇਨਾਤ ਜੁਗਾਂ ਜੁਗਾਂਤਰਾਂ ਤੋਂ 'ਬੱਝੀ' ਹੋਈ ਹੈ ਅਤੇ ਇਲਾਹੀ ਹੁਕਮ ਦੀ 'ਰਵਾਨਗੀ' ਵਿਚ ਚਲਦੀ ਜਾ ਰਹੀ ਹੈ।

ਏਸੇ ਇਲਾਹੀ 'ਹੁਕਮ' ਦੀ 'ਖਿੱਚ' ਦੀ 'ਪ੍ਰੀਤ-ਤਾਰ' ਨੂੰ ਹੀ 'ਨਾਮ' ਜਾਂ ਸ਼ਬਦ ਕਿਹਾ ਗਿਆ ਹੈ।

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥ (ਪੰਨਾ-827)

ਇਸ ਨਾਮ ਜਾਂ ਸ਼ਬਦ ਦੀ ਆਪ ਮੁਹਾਰੀ 'ਸਹਿਜ ਚਾਲ' ਨੂੰ ਹੀ 'ਹੁਕਮ' ਕਿਹਾ ਗਿਆ ਹੈ। ਜੋ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ 'ਜੀਵਨ-ਰੌਂ' ਦੇ ਰੂਪ ਵਿਚ ਸਦੀਵੀ, ਓਤ-ਪੋਤ ਵਗ ਰਹੀ ਹੈ ਅਤੇ ਇਸ ਕਾਇਨਾਤ ਨੂੰ ਕਾਇਮ-ਦਾਇਮ ਅਤੇ 'ਸਹਿਜ ਚਾਲ' ਵਿਚ ਚਾਲੂ ਰੱਖਦੀ ਹੈ।

ਇਹ ਇਲਾਹੀ 'ਹੁਕਮ' ਦੀ—

ਪ੍ਰੀਤ-ਡੋਰੀ
ਪ੍ਰੀਤ-ਟੁੰਬਣੀ
ਪ੍ਰੀਤ-ਗੀਤ
ਪ੍ਰੇਮ-ਛੋਹ
ਸਹਿਜ-ਚਾਲ ਹੀ
ਗੁਰ ਪ੍ਰਸਾਦਿ ਹੈ
ਨਦਰ-ਕਰਮ ਹੈ
ਬਖ਼ਸ਼ਿਸ਼ ਹੈ
ਮਾਇਆ ਹੈ
ਸਬਦ ਹੈ
ਨਾਮ ਹੈ।

ਗੁਰਬਾਣੀ ਵਿਚ ਇਸ ਇਲਾਹੀ ਹੁਕਮ ਦੀ ਦੈਵੀ ਚਾਲ (ਰਵਾਨਗੀ) ਜਾਂ ਪਰਵਿਰਤੀ ਨੂੰ ਇਉਂ ਦਰਸਾਇਆ ਗਿਆ ਹੈ–

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਜਪੁਜੀ ਸਾਹਿਬ)

ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥

ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥
ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥
ਹੁਕਮੇ ਆਡਾਣੇ ਆਗਾਸੀ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥
ਹੁਕਮਿ ਉਪਾਏ ਦਸ ਅਉਤਾਰਾ॥ ਦੇਵ ਦਾਨਵ ਅਗਣਤ ਅਪਾਰਾ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥
ਹੁਕਮੇ ਜੁਗ ਛਤੀਹ ਗੁਦਾਰੇ॥ ਹੁਕਮੇ ਸਿਧ ਸਾਧਿਕ ਵੀਚਾਰੇ॥ (ਪੰਨਾ–1037)

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥ (ਪੰਨਾ–55)

ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ॥ (ਪੰਨਾ–73)

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥
ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ॥ (ਪੰਨਾ–786)

(ਚਲਦਾ......)